ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।
(ਅਮਲਾ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ,
ਮੰਡਲ / ਜ਼ਿਲਾ ਸਿਖਿਆ ਅਫਸਰ (ਸੈ:ਸਿ:)

ਮੀਮੋ ਨੰ: 10/ 38 -2016 ਅਮਲਾ-2 (3)
ਮਿਤੀ, ਐਸ.ਏ.ਐਸ.ਨਗਰ: 28-3-2016

ਵਿਸ਼ਾ: ਆਰਜ਼ੀ ਡਿਊਟੀਆਂ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵੱਖ-ਵੱਖ ਕਾਡਰ ਦੇ ਟੀਚਿੰਗ / ਨਾਨ-ਟੀਚਿੰਗ , ਅਧਿਆਪਕਾਂ ਅਤੇ ਕਰਮਚਾਰੀਆਂ , ਜਿਨਾਂ ਦੀ ਆਰਜ਼ੀ ਡਿਊਟੀਆਂ , ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਵਲੋਂ ਮਿਤੀ 31-3-2016 ਤੱਕ, ਲਗਾਈਆਂ ਗਈਆਂ ਸਨ, ਇਨਾਂ ਆਰਜ਼ੀ ਡਿਊਟੀਆਂ ਵਿਚ, ਮਿਤੀ 30-6-2016 ਤੱਕ , ਦਾ ਵਾਧਾ ਹੇਠ ਲਿਖੀਆਂ ਸ਼ਰਤਾਂ ਅਧੀਨ ਕੀਤਾ ਜਾਂਦਾ ਹੈ:-

1) ਜਿਹੜੇ ਸਕੂਲ / ਸੰਸਥਾਂ ਤੋਂ ਆਰਜ਼ੀ ਡਿਊਟੀ ਲਗਾਈ ਗਈ ਹੈ, ਉਸ ਵਿਚੋਂ ਇਕ ਤੋਂ ਵੱਧ , ਅਧਿਆਪਕ / ਕਰਮਚਾਰੀ ਦੀ ਆਰਜ਼ੀ ਡਿਊਟੀ ਨਾ ਲੱਗੀ ਹੋਵੇ ਅਤੇ ਇਸ ਸਕੂਲ ਵਿਚ 50 % ਤੋਂ ਘੱਟ ਅਧਿਆਪਕ ਨਾ ਰਹਿ ਜਾਣ।

2) ਜਿਹੜੇ ਸਕੂਲ ਵਿੱਚ ਆਰਜ਼ੀ ਡਿਊਟੀ ਲਗਾਈ ਗਈ ਹੈ, ਉੱਥੇ ਉਸ ਵਿਸ਼ੇ /ਕਾਡਰ ਦੀ ਅਸਾਮੀ ਖਾਲੀ ਹੋਵੇ।

ਡਿਪਟੀ ਡਾਇਰੈਕਟਰ (ਸ:ਪ੍ਰ:2)

ਪਿੱਠ ਅੰਕਣ ਨੰ: ਉਕਤ ਮਿਤੀ ਐਸ.ਏ.ਐਸ.ਨਗਰ: 28-3-2016

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਟੈਨੋ/ ਡਾਇਰੈਕਟਰ ਪ੍ਰਸ਼ਾਸ਼ਨ। (ਦਫਤਰੀ ਅਮਲਾ/ਸੇਵਾਵਾਂ-1 ਸ਼ਾਖਾ ਲਈ)।

2 ਡਿਪਟੀ ਡਾਇਰੈਕਟਰ (ਸ:ਪ੍ਰ:1) ( ਅਮਲਾ-1 , ਅਮਲਾ-5 ਅਤੇ ਵੋਕੇਸ਼ਨਲ ਸ਼ਾਖਾ ਲਈ)।

3) ਡਿਪਟੀ ਡਾਇਰੈਕਟਰ (ਸ:ਪ੍ਰ:2) ( ਅਮਲਾ-2 , ਅਮਲਾ-3 ਅਤੇ ਅਮਲਾ-4 ਸ਼ਾਖਾ ਲਈ)।

4) ਸਹਾਇਕ ਡਾਇਰੈਕਟਰ (ਮਿਸਲੇਨੀਅਸ) ।

ਡਿਪਟੀ ਡਾਇਰੈਕਟਰ (ਸ:ਪ੍ਰ:2)

ਦਫਤਰ ਜਿਲਾ ਸਿਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ।
ਪਿਠ ਅੰਕਣ ਨੰ: ਅ-3/2016/ 3440 ਮਿਤੀ:- 31/3/16

ਉਪਰੋਕਤ ਦਾ ਉਤਾਰਾ ਅਧੀਨ ਸਕੂਲਾਂ ਦੇ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਨੂੰ ਪਾਸਰ ਜਾਂ ਫਾਰਗ ਕਰਨ ਤੋਂ ਪਹਿਲਾਂ ਉਪਰੋਕਤ ਸ਼ਰਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਜ਼ਿਲਾ ਸਿਖਿਆਂ ਅਫਸਰ (ਸ)
ਅੰਮ੍ਰਿਤਸਰ 30/3/16

ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਅੰਮ੍ਰਿਤਸਰ।

ਅਤੀ ਜਰੂਰੀ
ਹੁਣੇ ਹੀ

ਵੱਲ,

ਸਮੂਹ ਪ੍ਰਿੰਸੀਪਲ/ਮੁਖਅਧਿਆਪਕ
ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲਜ,
ਜਿਲਾ ਅੰਮ੍ਰਿਤਸਰ।

ਪੱਤਰ ਨੰ: ਅ-3/2016/ 3240-3439
ਮਿਤੀ: ਅੰਮ੍ਰਿਤਸਰ:- 31-3-16

ਵਿਸ਼ਾ: ਖਾਲੀ ਅਸਾਮੀਆਂ ਦੀ ਸੂਚੀ- ਸਮੂਹ ਕੈਟਾਗਰੀ।

ਅਕਸਰ ਹੀ ਵੇਖਣ ਵਿਚ ਆਇਆ ਹੈ ਕਿ ਸਕੂਲ ਮੁਖੀ ਆਪਣੇ ਜਾਂ ਆਪਣੇ ਕੰਪਲੈਕਸ ਮਿਡਲ ਸਕੂਲ ਦੀ ਖਾਲੀ ਅਸਾਮੀਆਂ ਦੀ ਸੂਚੀ ਸਮੇ ਸਿਰ ਨਹੀ ਭੇਜਦੇ ਜਿਸ ਕਰਕੇ ਕਈ ਵਾਰ ਵਿਭਾਗ ਨੂੰ ਮੁਸਕਿਲਾਂ ਦਾ ਸਾਹਮਣਾ ਕਰਣਾ ਕਰਨਾ ਪੈਦਾਂ ਹੈ। ਜਦੋ ਕੋਈ ਕਰਮਚਾਰੀ ਇਸ ਦਫਤਰ ਦੇ ਨੋਟਿਸ ਵਿਚ ਖਾਲੀ ਅਸਾਮੀ ਬਾਰੇ ਇਸ ਦਫਤਰ ਦੇ ਨੋਟਿਸ ਵਿਚ ਲਿਆਉਦਾ ਹੈ ਤਾਂ ਸਕੂਲ ਮੁਖੀ ਨੂੰ ਫੋਨ ਕਰਨ ਤੇ ਉਨਾਂ ਵਲੋ ਅਸਾਮੀ ਖਾਲੀ ਹੋਣ ਦੀ ਪੁਸ਼ਟੀ ਕਰ ਦਿੱਤੀ ਜਾਂਦੀ ਹੈ।

ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਦ ਵੀ ਕਿਸੇ ਕਰਮਚਾਰੀ ਦੀ ਰਿਟਾਇਰਮੈਟ/ ਪ੍ਰੋਮੋਸ਼ਨ/ਮੌਤ ਜਾ ਕਿਸੇ ਹੋਰ ਕਾਰਨ ਅਸਾਮੀ ਖਾਲੀ ਹੁੰਦੀ ਹੈ ਤਾਂ ਉਸੇ ਹੀ ਦਿਨ ਇਸ ਦੀ ਸੂਚਨਾਂ ਅਮਲਾ ਸ਼ਾਖਾ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਇਸ ਬਾਰੇ ਪਹਿਲਾ ਵੀ ਕਈ ਵਾਰ ਮਹੀਨਾਵਾਰ ਮੀਟਿੰਗਾਂ ਵਿਚ ਜਬਾਨੀ ਅਤੇ ਲਿਖਤੀ ਤੌਰ ਤੇ ਕਿਹਾ ਜਾਂਦਾ ਹੈ।

ਮਿਤੀ 31-3-2016 ਤੱਕ ਦੀ ਖਾਲੀ ਅਸਾਮੀਆਂ ਦੀ ਸੂਚੀ ਕੈਟੇਗਰੀ ਵਾਈਜ ਅੱਜ ਹੀ ਦਸਤੀ ਪੁਜੱਦੀ ਕੀਤੀ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਅੰਮ੍ਰਿਤਸਰ।
31/3/16 31/3/16 31/3/16